# ਦੁਆ ਵਿਚ ਅਨੁਸ਼ਾਸਨ
## ਮੱਤੀ 17:14-21

*''ਪਰ ਇਹ ਕਿਸਮ ਬਿਨਾ ਦੁਆ ਦੇ ਅਤੇ ਰੋਜ਼ੇ ਦੇ ਨਹੀਂ ਨਿੱਕਲਦੀ'' (ਮੱਤੀ 17:21;* NASB*)*।

ਕੁਝ ਕੰਮ ਅਜਿਹੇ ਹੁੰਦੇ ਹਨ, ਜੋ ਸਿਰਫ਼ ਦੁਆ ਅਤੇ ਰੋਜ਼ੇ ਨਾਲ ਹੀ ਮੁਮਕਿਨ ਹੋ ਸਕਦੇ ਹਨ! ਇਕ ਦੁਖੀ ਪਿਤਾ ਯਿਸੂ ਦੇ ਕੋਲ ਆਪਣੇ ਪਾਗਲ ਮੁੰਡੇ ਨੂੰ ਜਿਸ ਵਿਚ ਬਦਰੂਹ ਸੀ, ਸਿਫ਼ਾਰਸ਼ ਲੈ ਕੇ ਆਇਆ। ਇਸ ਤੋਂ ਪਹਿਲਾਂ ਉਹ ਰਸੂਲਾਂ ਕੋਲ ਗਿਆ, ਪਰ ਉਹ ਉਸ ਮੁੰਡੇ ਨੂੰ ਚੰਗਾ ਨਹੀਂ ਕਰ ਸਕੇ। ਯਿਸੂ ਨੇ ਦੱਸਿਆ ਕਿ ਰਸੂਲ ਉਸ ਨੂੰ ਇਸ ਕਰਕੇ ਠੀਕ ਨਹੀਂ ਕਰ ਸਕੇ ਕਿਉਂਕਿ ਉਨ੍ਹਾਂ ਨੇ ਦੁਆ ਕਰਨ ਅਤੇ ਰੋਜ਼ਾ ਰੱਖਣ ਉੱਤੇ ਧਿਆਨ ਨਹੀਂ ਦਿੱਤਾ ਸੀ। ਇਸ ਤੋਂ ਸਾਨੂੰ ਦੁਆ ਵਿਚ ਆਉਣ ਵਾਲੀ ਇਕ ਹੋਰ ਮੁਸ਼ਕਿਲ ਦਾ ਪਤਾ ਲਗਦਾ ਹੈ। ਚੇਲਿਆਂ ਨੇ ਪਹਿਲਾਂ ਲੋਕਾਂ ਨੂੰ ਚੰਗਾ ਕੀਤਾ ਸੀ। ਪਰ, ਗੰਭੀਰ ਮਾਮਲਿਆਂ ਵਿਚ ਜ਼ਿਆਦਾ ਜ਼ੋਰ ਲਾਉਣ ਦੀ ਲੋੜ ਹੁੰਦੀ ਹੈ। ਗੰਭੀਰ ਗੱਲਾਂ ਲਈ ਦੁਆ ਅਤੇ ਰੋਜ਼ੇ ਦੀ ਲੋੜ ਹੁੰਦੀ ਹੈ। ''ਮੈਂ ਦੁਆ ਵੀ ਕੀਤੀ ਪਰ ਕੁਝ ਫ਼ਾਇਦਾ ਨਹੀਂ ਹੋਇਆ!'' ਕੀ ਤੁਸੀਂ ਦੁਆ ਕੀਤੀ? ਕੀ ਤੁਸੀਂ ਸਚਮੁਚ ਦੁਆ ਕੀਤੀ? ਕੀ ਤੁਸੀਂ ਰੋਜ਼ਾ ਰੱਖਿਆ? ਕੀ ਤੁਹਾਡਾ ਵਿਸ਼ਵਾਸ ਨਹੀਂ ਹੈ? ਯਿਸੂ ਨੇ ਕਿਹਾ ਸੀ, ''ਮੰਗੋ ... ਢੂੰਡੋ ... ਖਟਖਟਾਓ!'' (ਕਾਉਂਸਲਿੰਗ ਕਰਦਿਆਂ) ਮੇਰਾ ਪਹਿਲਾ ਸਵਾਲ ਇਹੀ ਹੁੰਦਾ ਹੈ, ''ਕੀ ਤੁਸੀਂ ਇਹਦੇ ਲਈ ਦੁਆ ਕੀਤੀ ਹੈ? ਅਫ਼ਸੋਸ ਕਿ ਬਹੁਤ ਘੱਟ ਲੋਕਾਂ ਨੇ ਦੁਆ ਕੀਤੀ ਹੁੰਦੀ ਹੈ। ਇਨ੍ਹਾਂ ਵਿੱਚੋਂ ਕਿਸੇ ਨੇ ਵੀ ਰੋਜ਼ਾ ਨਹੀਂ ਰੱਖਿਆ ਹੁੰਦਾ। ਤੁਸਾਂ ਰੱਖਿਆ ਹੈ? ਕੀ ਤੁਸੀਂ ਰੱਖੋਗੇ?

ਰੂਹਾਨੀਅਤ ਅੱਜ ਬਦਲਾ ਲੈਣ ਲਈ ਫੇਰ ਪਰਤ ਆਈ ਹੈ, ਪਰ ਇਹ ਰੂਹਾਨੀਅਤ ਬਾਈਬਲ ਦੇ ਮੁਤਾਬਕ ਨਹੀਂ ਹੈ। ਇਹ ਬਚਕਾਨੀ, ਬਕਵਾਦੀ ਅਤੇ ਖੁਦਗਰਜ਼ ਰੂਹਾਨੀਅਤ ਹੈ। ਲੋਕ ''ਖ਼ੁਦਾ ਨੂੰ ਜਾਣਨਾ'' ਨਹੀਂ, ਪਰ ਉਸ ਨੂੰ ਅਨੁਭਵ ਕਰਨਾ ਚਾਹੁੰਦੇ ਹਨ। ਟੀ. ਵੀ. ਤੇ ਪ੍ਰਚਾਰਕ ਸਾਨੂੰ ਦੱਸਦੇ ਹਨ, ''ਦੁਆ ਕਰੋ ਅਤੇ ਜੋ ਕੁਝ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਲਈ ਹੋਵੇ, ਉਹ ਸਭ ਖ਼ੁਦਾ ਨੂੰ ਦੱਸ ਦਿਓ।'' ਇਹ ਤਾਂ ਬੜੀ ਬੇਤੁਕੀ ਗੱਲ ਹੈ। ਖ਼ੁਦਾ ਦੁਆ ਦਾ ਬੱਝਾ ਨਹੀਂ ਹੈ। ਕੋਈ ਇਨਸਾਨ ਖ਼ੁਦਾ ਨੂੰ ਹੁਕਮ ਨਹੀਂ ਦੇ ਸਕਦਾ। ਖ਼ੁਦਾ ਕਿਸੇ ਦਾ ਦੇਣਦਾਰ ਨਹੀਂ ਹੈ। ਮੰਗਦਿਆਂ ਸਾਰ ਹੀ ਮਿਲ ਜਾਣਾ ਤਾਂ ਇਵੇਂ ਹੈ, ਜਿਵੇਂ ਮਸ਼ੀਨ ਦਾ ਬਟਨ ਦੱਬਿਆ ਅਤੇ ਮਿਲ ਗਿਆ। ਦੁਆ ਧਾਰਮਿਕ ਹੰਕਾਰ ਵੀ ਨਹੀਂ ਹੈ। ਦੁਆ ਅੰਧਵਿਸ਼ਵਾਸ ਨਹੀਂ ਬਲਕਿ ਸਮਰਪਣ ਹੈ। ਦੁਆ ਵਚਨ ਅਤੇ ਸਮਝ ਦੋਹਾਂ ਨਾਲ ਜੁੜੀ ਹੋਣੀ ਚਾਹੀਦੀ ਹੈ। ਅੱਜ, ਚੇਲਾ ਬਣਨ ਦੀ ਗੱਲ ਪੁਰਾਣੀ ਹੈ ਅਤੇ ਖੇਡ ਮਸ਼ਹੂਰ ਹੋ ਗਈ ਹੈ। ਦੁਆ ਕੋਈ ਰੌਣਕ ਮੇਲਾ ਨਹੀਂ, ਇਕ ਕੰਮ ਹੈ। ਰਸੂਲ ਇਸ ਕਰਕੇ ਉਸ ਮੁੰਡੇ ਨੂੰ ਚੰਗਿਆਈ ਨਹੀਂ ਦੇ ਸਕੇ ਸਨ, ਕਿਉਂਕਿ ਉਨ੍ਹਾਂ ਨੂੰ ਲੱਗਾ ਸੀ ਕਿ ਸਮਰੱਥਾ ਉਨ੍ਹਾਂ ਵਿਚ ਹੀ ਹੈ। ਉਨ੍ਹਾਂ ਨੇ ਖ਼ੁਦਾ ਦੀ ਸਮਰੱਥਾ ਨੂੰ ਲੈ ਲਿਆ, ਪਰ ਆਪਣੀ ਕਿਰਪਾ ਅਤੇ ਕੁਰਬਾਨੀ ਨੂੰ ਇਸ ਵਿਚ ਮਿਲਾ ਨਹੀਂ ਸਕੇ।

ਜ਼ਿੰਦਗੀ ਦੀ ਕਿਸੇ ਵੀ ਹੋਰ ਗੱਲ ਵਾਂਗ, ਦੁਆ ਕਰਨ ਲਈ ਵੀ ਅਨੁਸ਼ਾਸਨ ਦੀ ਲੋੜ ਹੈ। ਯਿਸੂ ਇੱਨਾਂ ਹੀ ਆਖ ਰਿਹਾ ਸੀ ਕਿ ''ਬਿਨਾ ਅਨੁਸ਼ਾਸਨ ਦੇ ਦੁਆ ਫ਼ਜ਼ੂਲ ਹੈ।'' ਇਕ ਪਿਆਨੋ ਵਜਾਉਣ ਵਾਲੇ ਨੇ 50,000 ਘੰਟੇ ਤਕ ਅਭਿਆਸ ਕੀਤਾ। ਜਿਸ ਦਾ ਮਤਲਬ ਇਹ ਹੋਇਆ ਕਿ ਉਸ ਨੇ 6,250 ਦਿਨਾਂ ਤਕ ਰੋਜ਼ 8 ਘੰਟੇ (17 ਸਾਲ ਅਤੇ 45 ਦਿਨ) ਰਿਆਜ਼ ਕੀਤਾ। ਇਕ ਔਰਤ ਨੇ

ਇਸ ਮਹਾਨ ਪਿਆਨੋਵਾਦਕ ਨੂੰ ਕਹਿਣ ਤੇ ਕਿ ''ਇਸ ਪਿਆਨੋ ਨੂੰ ਵਜਾਉਣ ਲਈ ਤਾਂ ਮੈਂ ਆਪਣੀ ਪੂਰੀ ਜ਼ਿੰਦਗੀ ਦੇ ਦਿਆਂ!'' ਉਸ ਦਾ ਜਵਾਬ ਸੀ, ''ਪਰ ਮੈਂ ਤਾਂ ਦੇ ਦਿੱਤੀ ਹੈ!'' ਇਸੇ ਤਰ੍ਹਾਂ ਦੁਆ ਲਈ ਸਮਾਂ, ਕੋਸ਼ਿਸ਼, ਅਭਿਆਸ ਅਤੇ ਕੁਰਬਾਨੀ ਦੀ ਲੋੜ ਹੈ।

## ਦੁਆ ਵਿਚ ਆਤਮ ਸੁਝਾਅ ਹੁੰਦਾ ਹੈ[2]

ਖ਼ੁਦਾ ਦੁਆਵਾਂ ਦਾ ਜਵਾਬ ਦਿੰਦਾ ਹੈ। ਦੇਵਵਾਦ (ਰੱਬ ਵਿਚ ਯਕੀਨ, ਉਹਦੀ ਗੱਲ ਵਿਚ ਨਹੀਂ) ਇਸ ਦੇ ਉਲਟ ਹੈ। ਦੇਵਵਾਦ ਇਕ ਗਲਤ ਫ਼ਲਸਫ਼ਾ ਹੈ। ਜਿਸ ਦੇ ਮੁਤਾਬਕ ਖ਼ੁਦਾ ਨੇ ਸੰਸਾਰ ਨੂੰ ਅਜ਼ਾਦ ਛੱਡਣ ਵਾਸਤੇ ਹੀ ਬਣਾਇਆ ਸੀ। ਇਸ ਦਾ ਸੁਝਾਅ ਇਹ ਹੈ ਕਿ ਉਹ ਇਤਿਹਾਸ ਦੀ ਮਨੁੱਖੀ ਸਟੇਜ ਤੇ ਕੰਮ ਨਹੀਂ ਕਰ ਸਕਦਾ, ਭਾਵ ਉਹ ਲੋਕਾਂ ਦੀ ਜ਼ਿੰਦਗੀ ਵਿਚ ਦਾਖਲ ਹੋ ਕੇ ਕੰਮ ਨਹੀਂ ਕਰ ਸਕਦਾ। ਜੋ ਭਾਈ ਇਹ ਮੰਨਦੇ ਹਨ ਕਿ ਖ਼ੁਦਾ ਅੱਜ ਕੰਮ ਨਹੀਂ ਕਰਦਾ, ਉਹ ਖ਼ੁਦਾ ਨੂੰ ਹੁਕਮ ਭਾਵ ਮਨੋਂ ਕਹੀ ਗੱਲ ਕਹਿੰਦੇ ਹਨ। ਦੇਵਵਾਦ ਨਾਕਾਮ ਹੋ ਜਾਂਦਾ ਹੈ। ਖ਼ੁਦਾ ਨਹੀਂ! ਖ਼ੁਦਾ ਹਕੀਕਤ, ਜ਼ਿੰਦਾ ਅਤੇ ਇਸ ਧਰਤੀ ਤੇ ਕੰਮ ਕਰ ਰਿਹਾ ਹੈ। ਖ਼ੁਦਾ ਸਾਡੀ ਜ਼ਿੰਦਗੀ ਵਿਚ ਕੰਮ ਕਰ ਰਿਹਾ ਹੈ। ਖ਼ੁਦਾ ਸਾਡੀਆਂ ਦੁਆਵਾਂ ਨੂੰ ਸੁਣਦਾ ਅਤੇ ਜਵਾਬ ਦਿੰਦਾ ਹੈ। ਇਹੀ ਸਾਡਾ ਵਿਸ਼ਵਾਸ ਹੈ!

ਦੁਆ ਆਤਮ–ਸੁਝਾਅ ਨਹੀਂ ਹੈ, ਬੇਸ਼ੱਕ ਆਤਮ ਸੁਝਾਅ ਦੁਆ ਦਾ ਇਕ ਵੱਡਾ ਹਿੱਸਾ ਹੈ। ਜੇ ਸਾਡੀ ਦੁਆ ਸਾਨੂੰ ਨਹੀਂ ਬਦਲਦੀ ਤਾਂ ਉਹ ਖ਼ੁਦਾ ਨੂੰ ਕੀ ਬਦਲੇਗੀ? ਦੁਆ ਨਾਲ ਹਾਲਾਤ ਇਸ ਕਰਕੇ ਬਦਲ ਜਾਂਦੇ ਹਨ ਕਿਉਂਕਿ ਅਸੀਂ ਬਦਲ ਜਾਂਦੇ ਹਾਂ। ਅਸੀਂ ਹੋਰ ਦੁਆ ਕਿਉਂ ਨਹੀਂ ਕਰਦੇ? ਮੈਂ ਪ੍ਰਚਾਰ ਬਹੁਤ ਕੀਤਾ ਹੈ, ਪਰ ਦੁਆ ਬਹੁਤ ਘੱਟ। ਇਸਦਾ ਮਤਲਬ ਇਹੀ ਹੈ ਕਿ ਮੈਂ ਦੁਆ ਕਰਨ ਨਾਲੋਂ ਪ੍ਰਚਾਰ ਕਰਨ ਵਿਚ ਵੱਧ ਅਨੁਸ਼ਾਸਿਤ ਹਾਂ। ਮੈਂ ਦੁਆ ਦੀ ਥਾਂ ਪੜ੍ਹਨ ਤੇ ਵੱਧ ਸਮਾਂ ਲਾਇਆ ਹੈ। ਮੈਂ ਹਜ਼ਾਰਾਂ ਕਿਤਾਬਾਂ ਪੜ੍ਹੀਆਂ ਹਨ। ਦੁੱਖ ਦੀ ਗੱਲ ਇਹ ਹੈ ਕਿ ਮੈਂ ਦੁਆ ਕਰਨ ਦੀ ਥਾਂ ਪੜ੍ਹਾਈ ਕਰਨ ਵਿਚ ਬਹੁਤਾ ਸਮਾਂ ਲਾਇਆ ਹੈ। ਦੁਆ ਦੀ ਥਾਂ ਮੈਂ ਬਾਈਬਲ ਪੜ੍ਹਨ ਵਿਚ ਮੋਹਰੀ ਹਾਂ। ਦੁਆ ਲੋਕਾਂ ਨੂੰ ਬਦਲਦੀ ਹੈ ਅਤੇ ਲੋਕ ਹਾਲਾਤ ਨੂੰ ਬਦਲਦੇ ਹਨ। ਇੱਕੋ ਵੇਲੇ ਗਾਲ਼ ਅਤੇ ਦੁਆ ਕਿਵੇਂ ਕੀਤੇ ਜਾ ਸਕਦੇ ਹਨ? ਆਲਸ ਦੁਆ ਦੀ ਸਾਡੀ ਜ਼ਿੰਦਗੀ ਨੂੰ ਬਰਬਾਦ ਕਰ ਦਿੰਦਾ ਹੈ। ਦੁਆ ਖ਼ੁਦਾ ਤੋਂ ਭੱਜਣ ਲਈ ਨਹੀਂ ਬਲਕਿ ਉਸ ਨਾਲ ਮੁਲਾਕਾਤ ਕਰਨਾ ਹੈ। ਸੱਚੀ ਦੁਆ ਖ਼ੁਦਾ ਉੱਤੇ ਸਾਡੀ ਨਿਰਭਰਤਾ ਦੀ ਸਪੱਸ਼ਟ ਤਸਵੀਰ ਹੈ।

ਸੰਗਤੀ ਸਾਡੇ *ਨਾਲ* ਕੁਝ ਕਰਦੀ ਹੈ ਜਦਕਿ ਦੁਆ ਸਾਡੇ *ਲਈ* ਕੁਝ ਕਰਦੀ ਹੈ; ਸਿਫ਼ਾਰਸ਼ ਜਾਂ ਬੇਨਤੀ ਸਾਡੇ *ਰਾਹੀਂ* ਕੁਝ ਕਰਦੀ ਹੈ। ਪਰ ਇਸ ਤੋਂ ਪਹਿਲਾਂ ਕਿ ਸਾਡੇ *ਲਈ* ਅਤੇ *ਸਾਡੇ ਰਾਹੀਂ* ਕੁਝ ਹੋਏ, *ਸਾਡੇ ਨਾਲ* ਕੁਝ ਹੋਣਾ ਜ਼ਰੂਰੀ ਹੈ। ਦੁਆ ਦਾ ਵਿਸ਼ਾ ਖ਼ੁਦਾ ਦੀ ਇੱਛਾ ਨੂੰ ਆਪਣੀ ਇੱਛਾ ਤਕ ਝੁਕਾਉਣਾ ਨਹੀਂ, ਬਲਕਿ ਆਪਣੀ ਇਛਾ ਨੂੰ ਖ਼ੁਦਾ ਦੀ ਇੱਛਾ ਤਕ ਉੱਪਰ ਲੈ ਜਾਣਾ ਹੈ। ਅਗਸਟਿਨ ਨੇ ਸਹੀ ਕਿਹਾ ਹੈ, ''ਖ਼ੁਦਾ ਦੇ ਬਿਨਾਂ, ਅਸੀਂ ਨਹੀਂ ਕਰ ਸਕਦੇ। ਅਤੇ ਸਾਡੇ ਬਿਨਾਂ, ਖ਼ੁਦਾ ਨਹੀਂ ਕਰੇਗਾ।''

## ਸਾਨੂੰ ਆਪਣੀ ਹੀ ਦੁਆ ਦਾ ਜਵਾਬ ਦੇਣਾ ਲਾਜ਼ਮੀ ਹੈ

ਦੁਆ ਕੰਮ ਕਰਦੀ ਹੈ, ਕਿਉਂਕਿ ਖ਼ੁਦਾ ਕੰਮ ਕਰਦਾ ਹੈ, *ਪਰ ਦੁਆ ਹੀ ਕਾਫ਼ੀ ਨਹੀਂ ਹੈ!* ਮੱਤੀ 17: 14–21 ਵਿਚ ਯਿਸੂ ਨੇ ''ਦੁਆ ਕਰਨ ਅਤੇ ਰੋਜ਼ਾ ਰੱਖਣ'' ਲਈ ਕਿਹਾ ਸੀ। ਦੁਆ ਦਾ ਜਵਾਬ ਤਾਂ ਖ਼ੁਦਾ ਦਿੰਦਾ ਹੈ, ਪਰ ਰੋਜ਼ਾ ਮਨੁੱਖ ਰੱਖਦਾ ਹੈ। ਖ਼ੁਦਾ ਸਾਡੇ ਵਿਸ਼ਵਾਸ, ਕਾਰਜ ਅਤੇ ਕੁਰਬਾਨੀ ਦੇ ਮੁਤਾਬਕ ਹੀ ਸਾਨੂੰ ਜਵਾਬ ਦਿੰਦਾ ਹੈ। ਦੁਆ, ਆਪਣੇ ਆਪ ਵਿਚ, ਕਾਫ਼ੀ ਨਹੀਂ ਹੈ। ਐਚ. ਲਿਓਨ ਬੋਟਸ ਦਾ ''ਅਧੂਰੀਆਂ ਦੁਆਵਾਂ'' ਨਾਮਕ ਸਿਰਲੇਖ ਦਾ ਇਕ ਅੰਗ੍ਰੇਜ਼ੀ ਸਰਮਨ ਸੀ। ਜ਼ਰੂਰੀ ਹੈ ਕਿ ਮਨੁੱਖ ਆਪਣੀਆਂ ਦੁਆਵਾਂ ਦਾ ਜਵਾਬ ਪਹਿਲਾਂ ਖ਼ੁਦ ਦੇਵੇ। ਜੋ ਕੰਮ ਤੁਸੀਂ ਆਪ ਨਹੀਂ ਕਰ ਸਕਦੇ

ਉਹ ਦੂਜਿਆਂ ਨੂੰ ਕਰਨ ਲਈ ਕਿਉਂ ਆਖਦੇ ਹੋ? ਦੁਆ ਕਰਮ ਹੀ ਤਾਂ ਹੈ, ਕਰਮ ਦੁਆ ਵੀ ਹੈ। ਦੁਆ ਕਰਮ ਕਰਨ, ਵਿਚਾਰ ਕਰਨ ਜਾਂ ਪ੍ਰੇਮ ਕਰਨ ਦਾ ਬਦਲ ਨਹੀਂ ਹੈ। ਖੇਤਾਂ ਵਿਚ ਹਲ਼, ਦੁਆ ਕਰਨ ਨਾਲ ਹੀ ਨਹੀਂ ਚੱਲ ਜਾਂਦਾ। ਉਸ ਗੱਲ ਲਈ ਦੁਆ ਨਹੀਂ ਕੀਤੀ ਜਾ ਸਕਦੀ ਜਿਸ ਲਈ ਸਾਡਾ ਆਪਣਾ ਸਮਰਪਣ ਨਾ ਹੋਵੇ। ਦੁਆ ਤੋਂ ਬਹੁਤ ਲਾਭ ਹੁੰਦਾ ਹੈ, ਪਰ ਸਾਰਾ ਨਹੀਂ। ਇਕ ਪਰਿਵਾਰ ਗਰੀਬ ਸੀ, ਜਿਸ ਕਰਕੇ ਉਨ੍ਹਾਂ ਵਾਸਤੇ ਦੁਆ ਕਰਨ ਲਈ ਕਲੀਸੀਆ ਜਮ੍ਹਾ ਹੋਈ। ਇਕ ਮੁੰਡਾ ਰਸੋਈ ਦਾ ਸਮਾਨ ਗੱਡੀ ਵਿਚ ਲੈ ਆਇਆ। ਉਸਨੇ ਕਿਹਾ, ''ਮੈਂ ਪਿਤਾ ਜੀ ਦੀਆਂ ਦੁਆਵਾਂ ਲਿਆਇਆ ਹਾਂ!'' ਦੋ ਮੁੰਡਿਆਂ ਨੂੰ ਸਕੂਲ ਜਾਣ ਵਿਚ ਦੇਰ ਹੋ ਗਈ। ਇਕ ਨੇ ਸਲਾਹ ਦਿੱਤੀ ਕਿ ਉਹ ''ਰੁਕ ਕੇ ਦੁਆ'' ਕਰਨ। ਦੂਸਰੇ ਨੇ ਕਿਹਾ, ''ਚੱਲੋ ਭੱਜਦੇ ਭੱਜਦੇ ਦੁਆ ਕਰਦੇ ਹਾਂ।'' ਹੁਕਮ ਮੰਨਣਾ ਸਾਡੀਆਂ ਦੁਆਵਾਂ ਨੂੰ ਖੰਭ ਲਾ ਦਿੰਦਾ ਹੈ। ਦਾਊਦ ਨੇ ਇਹ ਨਹੀਂ ਕਿਹਾ ਕਿ ''ਮੈਨੂੰ ਆਪਣੀ ਇੱਛਾ ਮੰਨਣੀ ਸਿਖਾ।'' ਉਸਨੇ ਕਿਹਾ, ''ਮੈਨੂੰ ਇਹ ਸਿਖਾ ਕਿ ਮੈਂ ਤੇਰੀ ਇੱਛਾ ਕਿੱਕੁਰ ਪੂਰੀ *ਕਰਾਂ*'' (ਜ਼ਬੂਰ 143:10)।

ਦੁਆ ਹੁਕਮ ਮੰਨਣ ਦਾ ਬਦਲ ਨਹੀਂ ਹੈ। 1 ਯੂਹੰਨਾ 3:17–24, ਵਿਚ ਖ਼ੁਦਾ ਹੁਕਮ ਮੰਨਣ ਨੂੰ ਦੁਆ ਨਾਲ ਜੋੜਦਾ ਹੈ। ਸਾਨੂੰ ਮਿਲ ਜਾਂਦਾ ਹੈ ਕਿਉਂਕਿ ਅਸੀਂ ਹੁਕਮ ਮੰਨਦੇ ਹਾਂ। ਜਿਹੜਾ ਦਿੰਦਾ ਨਹੀਂ ਹੈ ਉਹ ਪਾ ਵੀ ਨਹੀਂ ਸਕਦਾ। ਹਾਲ ਹੀ ਵਿਚ, ਇਕ ਮਿਸ਼ਨਰੀ ਨੇ ਬੜੇ ਰੁੱਖੇ ਢੰਗ ਨਾਲ ਕਿਹਾ, ''ਸਾਨੂੰ ਤੁਹਾਡੀਆਂ ਦੁਆਵਾਂ ਦੀ ਲੋੜ ਨਹੀਂ ਹੈ।'' ਉਸਦੇ ਇਸ ਗੁੱਸੇ ਦਾ ਕੀ ਕਾਰਣ ਸੀ? ਦੁਆ ਕਰਨ ਨੂੰ ਸੁਣਨ ਵਾਲੇ ਸਿਰਫ਼ ਐਲਡਰ ਹੀ ਨਹੀਂ ਹੁੰਦੇ। ਇਹ ਵੀ ਜ਼ਰੂਰੀ ਨਹੀਂ ਕਿ ਮੰਡਲੀ ਦੇ ਸਾਹਮਣੇ ਸੁਣਨ ਵਾਲੇ ਹੀ ਹੋਣ। ਪ੍ਰਚਾਰਕਾਂ ਨੂੰ ਸਾਡੀ ਅਤੇ ਸਾਡੀ ਮਦਦ ਦੀ ਲੋੜ ਹੁੰਦੀ ਹੈ। ਜਦ ਅਸੀਂ ਪ੍ਰਚਾਰਕਾਂ ਦੀ ਗੱਲ ਨਹੀਂ ਸੁਣਦੇ ਅਤੇ ਉਨ੍ਹਾਂ ਦੀ ਮਦਦ ਨਹੀਂ ਕਰਦੇ ਤਾਂ, ਉਨ੍ਹਾਂ ਨੂੰ ਸਾਡੀਆਂ ਦੁਆਵਾਂ ਦੀ ਵੀ ਲੋੜ ਨਹੀਂ ਹੁੰਦੀ। ਆਪਣੇ ਬੂਹੇ ਬੰਦ ਰੱਖਣ ਅਤੇ ਦੁਆ ਕਰਨ ਨੂੰ ਮਿਲਾਓ ਨਾ। ਜੇ ਤੁਸੀਂ ਕਿਸੇ ਦੀ ਸੁਣਦੇ ਨਹੀਂ ਤਾਂ ਉਸ ਲਈ ਦੁਆ ਕਿਵੇਂ ਕਰੋਗੇ? ਨਿਹਚਾ ਵਾਂਗ ਬਿਨਾਂ ਅਮਲਾਂ ਦੇ ਦੁਆ ਵੀ ਮੁਰਦਾ ਹੈ। ਦੀਨ ਹੋ ਕੇ ਦੁਆ ਕਰੋ, ਪਰ ਨਾਲ ਹੀ ਜ਼ੋਰ ਲਾ ਕੇ ਕੰਮ ਵੀ ਕਰੋ। ''ਜੇ ਇੱਛਾਵਾਂ ਘੋੜੇ ਹੁੰਦੀਆਂ ਤਾਂ ਮੰਗਤੇ ਉਨ੍ਹਾਂ ਉੱਤੇ ਹੀ ਸਵਾਰ ਹੁੰਦੇ।'' ਕਾਮਯਾਬ ਦੁਆ ਇਹ ਨਹੀਂ ਹੈ ਕਿ ਸਾਨੂੰ ਖ਼ੁਦਾ ਤੋਂ ਕੀ ਮਿਲਿਆ ਹੈ, ਬਲਕਿ ਇਹ ਹੈ ਕਿ ਉਸ ਨੂੰ ਸਾਥੋਂ ਕੀ ਮਿਲਦਾ ਹੈ। ਜਦ ਤਕ ਅਸੀਂ ਖ਼ੁਦਾ ਨੂੰ ਆਪਣੀਆਂ ਉੱਤਮ ਵਸਤਾਂ ਨਹੀ ਦਿੰਦੇ ਤਦ ਤਕ ਉਹ ਵੀ ਸਾਨੂੰ ਆਪਣੀਆਂ ਉੱਤਮ ਵਸਤਾਂ ਨਹੀਂ ਦੇਵੇਗਾ। ਦੁਆ ਦੇ ਬਾਅਦ ਮਿਲਣ ਵਾਲੀਆਂ ਚੀਜ਼ਾਂ ਪਾਉਣ ਲਈ, ਦੁਆਵਾਂ ਤੋਂ ਪਹਿਲਾਂ ਹੀ ਤਿਆਰੀ ਕਰ ਲਓ। ਆਪਣੀਆਂ ਦੁਆਵਾਂ ਨੂੰ ''ਪੈਰ'' ਲਗਾਓ।

## ਦੁਆ ਵਿਚ ਸਮਰਪਣ ਸ਼ਾਮਿਲ ਹੈ

### ਸਾਨੂੰ ਸਮਰਪਣ ਦੀ ਲੋੜ ਹੈ

> ਪਰ ਉਹ ਯਹੋਵਾਹ ਦੀ ਬਿਵਸਥਾ ਵਿਚ ਮਗਨ ਰਹਿੰਦਾ, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ (ਜ਼ਬੂਰ 1:2)।

> ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿਚ ਲੀਨ ਰਹਿੰਦਾ ਹਾਂ (ਜ਼ਬੂਰ 119:97)।

> ਇਨ੍ਹਾਂ ਗੱਲਾਂ ਦਾ ਉੱਦਮ ਕਰ। ਇਨ੍ਹਾਂ ਵਿਚ ਲੱਗਾ ਰਹੁ ਭਈ ਤੇਰੀ ਤਰੱਕੀ ਸਭਨਾਂ ਉੱਤੇ ਪਰਗਟ ਹੋਵੇ (1 ਤਿਮੋਥਿਉਸ 4:15)।

ਖੁਦਗਰਜ਼, ਵਿਗੜੀ ਹੋਈ ਅਤੇ ਬਚਕਾਨਾ ਸੱਭਿਅਤਾ ਧਿਆਨ ਨਹੀਂ ਲਾ ਰਹੀ ਹੈ। ਉਨ੍ਹਾਂ ਦਾ ਧਿਆਨ ਬਾਹਰ ... ਕਿਤੇ ਬਾਹਰ ਵੱਲ ਨੂੰ ... ਬਾਹਰ ਲੱਗਾ ਹੋਇਆ ਹੈ। ਧਿਆਨ ਲਈ ਸਮਾਂ (ਅਸੀਂ ਕੁਝ ਜ਼ਿਆਦਾ ਹੀ ਰੁੱਝ ਗਏ ਹਾਂ) ... ਸ਼ਾਂਤੀ (ਅਸੀਂ ਰੇਡੀਓ ਅਤੇ ਟੀਵੀ ਬੰਦ ਨਹੀਂ ਹੋਣ ਦਿੰਦੇ) ... ਵਿਚਾਰ (ਅਸੀਂ ਭਾਵਨਾਵਾਂ ਵਿਚ ਰਹਿੰਦੇ ਹਾਂ) ... ਇਕਾਂਤ (ਇਕਾਂਤ ਅਤੇ ਇਕੱਲਾਪਣ ਦੋ ਵੱਖੋ–ਵੱਖ ਗੱਲਾਂ ਹਨ ) ... ਅੰਤਹਕਰਨ (ਅਸੀਂ ਆਕੜ ਵਿਚ ਹਾਂ) ... ਅਤੇ ਬਦਲਾਅ (ਅਸੀਂ ਤਾਂ ਬਰਬਾਦ ਹੋ ਜਾਵਾਂਗੇ) ਜ਼ਰੂਰੀ ਹੈ। ਦੁਆ ਚਲਾਕੀ ਨਾਲ ਦਿੱਤੇ ਗਏ ਜਵਾਬ, ਹੁਸ਼ਿਆਰੀਆਂ, ਭੇਤ ਦੱਸਣ ਵਾਲੀਆਂ ਪਹੇਲੀਆਂ, ਨਵੀਆਂ ਨਵੀਆਂ ਜ਼ਬਰਦਸਤ ਵਿਆਖਿਆਵਾਂ ਨਹੀਂ, ਬਲਕਿ ਖ਼ੁਦਾ ਦੀ ਹਜ਼ੂਰੀ ਵਿਚ ਰਹਿਣ ਦਾ ਅਭਿਆਸ ਹੈ।

''ਦਿਨ ਦੀ ਸ਼ੁਰੂਆਤ ਤਦ ਤਕ ਨਾ ਕਰੋ ਜਦ ਤਕ ਤੁਸੀਂ ਇਸ ਨੂੰ ਪੂਰਾ ਨਾ ਕਰ ਲਓ!'' ਦਿਨ ਦੀ ਸ਼ੁਰੂਆਤ ਇਸ ਨੂੰ ਖ਼ੁਦਾ ਨੂੰ ਦੇ ਕੇ ਹੀ ਕਰੋ। ਕੰਮ ਦੀ ਰਿਪੋਰਟ ਦਿਓ। ਦਿਨ ਭਰ ਆਪਣੇ ਢੰਗ ਨਾਲ ਦੁਆ ਕਰੋ। ''ਤਾਰੀਫ਼ ਲਈ ਵਕਫ਼ਾ'' ਰੱਖੋ। ਸਹੀ ਨਜ਼ਰੀਆ ਫੇਰ ਤੋਂ ਪਾਉਣ ਲਈ ਜ਼ਿੰਦਗੀਆਂ ਦੀਆਂ ਮੰਗਾਂ ਤੋਂ ਆਪਣੇ ਆਪ ਨੂੰ ਦੂਰ ਰੱਖੋ। ਇਕੱਲਾ ਹੋਣਾ ਪਸੰਦ ਕਰਨਾ ਸਿੱਖੋ। ਫਿਰ ਆਪਣੇ ਆਪ ਨੂੰ ਖ਼ੁਦਾ ਨੂੰ ਸੌਂਪ ਦਿਓ। ਬਾਈਬਲ ਦੇ ਮਹਾਨ ਲੋਕ ਧਿਆਨ ਲਾਉਣ ਵਾਲੇ ਲੋਕ ਹੀ ਸਨ।

ਧਿਆਨ ਲਾਉਣ ਦਾ ਬਦਲ ਬਿਰਤੀ ਲਾਉਣਾ ਜਾਂ ਵਿਚਾਰ ਕਰਨਾ ਹੈ। ਪੇਂਡੂ ਹੋਣ ਕਰਕੇ ਮੈਨੂੰ ਗਾਵਾਂ ਦੇ ''ਜੁਗਾਲੀ ਕਰਨ'' ਦਾ ਮਤਲਬ ਪਤਾ ਹੈ। ਧਿਆਨ ਲਾਉਣਾ ''ਵਿਚਾਰ ਨੂੰ ਪਚਾਉਣਾ'' ਹੀ ਤਾਂ ਹੈ। ਧਿਆਨ ਲਾਉਣਾ ''ਨਵੇਂ ਸਾਲ ਦਾ ਅਹਿਦ ਲੈਣਾ'' ਨਹੀਂ, ਬਲਕਿ ਹੋਰ ਮੁਸ਼ਕਿਲ ਕੋਸ਼ਿਸ਼ ਕਰਨਾ ਹੈ। ਧਿਆਨ ਲਾਉਣ ਦਾ ਮਤਲਬ ਕੋਸ਼ਿਸ਼ ਕਰਨਾ ਨਹੀਂ ਬਲਕਿ ਭਰੋਸਾ ਕਰਨਾ ਹੈ! ਦੁਆ ਮੌਤ ਦਾ ਅਭਿਆਸ ਹੈ। ਇਹ ਆਪਣੀ ਇੱਛਾ ਨੂੰ ਮਾਰ ਕੇ ਖ਼ੁਦਾ ਦੀ ਇੱਛਾ ਪੂਰੀ ਕਰਨਾ ਹੈ। ਜਦ ਅਸੀਂ ਦੁਆ ਕਰਦੇ ਹਾਂ ਤਾਂ ਅਸੀਂ ਆਪਣੇ ਸਮੇਂ ਤੋਂ ਅਤੇ ਆਪਣੀ ਇੱਛਾ ਤੋਂ ਇਜਾਜ਼ਤ ਲੈ ਕੇ ਮਰ ਜਾਂਦੇ ਹਾਂ। ਦੁਆ ਆਪਣੇ ਆਪ ਤੋਂ ਮਰਨਾ ਅਤੇ ਖ਼ੁਦਾ ਲਈ ਜ਼ਿੰਦਾ ਹੋਣਾ ਹੈ। ਧਿਆਨ ਲਾਉਣ ਨਾਲ ਅਸੀਂ ਆਪਣੀਆਂ ਜ਼ਿੰਦਗੀਆਂ ਦੇ ਕੇਂਦਰ ਵਿਚ ਆ ਜਾਂਦੇ ਹਾਂ।

ਧਿਆਨ ਲਾਉਣ ਦਾ ਮਤਲਬ ਖ਼ਾਮੋਸ਼ ਹੋ ਕੇ ਸੁਣਨਾ ਹੈ। ਗੱਲਾਂ ਕਰਨ ਵਾਂਗ ਸੁਣਨਾ ਵੀ ਦੁਆ ਵਰਗਾ ਹੀ ਹੈ। ਅਸੀਂ ਬੋਲਦੇ ਬਹੁਤ ਹਾਂ, ਪਰ ਸੁਣਦੇ ਘੱਟ ਹਾਂ। ਧਿਆਨ ਲਾਉਣ ਦਾ ਮਤਲਬ ਮਨ ਨੂੰ ਖਾਲੀਪਣ ਵਿਚ ਲਿਆਉਣਾ ਨਹੀਂ, ਬਲਕਿ ਧਿਆਨ ਕੇਂਦਰਿਤ ਕਰਨਾ ਅਤੇ ਇਕ ਪਾਸੇ ਲਾਉਣਾ ਹੈ। ਖ਼ੁਦਾ ਨਾਲ ਗੱਲ ਕਰਨ ਨਾਲੋਂ ਉਹਦੀ ਗੱਲ ਸੁਣਨੀ ਜ਼ਰੂਰੀ ਹੈ। ਸਾਡੇ ਵਿੱਚੋਂ ਬਹੁਤੇ ਲੋਕ ਗੱਲਬਾਤ ਕਰਨ ਵਿਚ ਬਾਹਲੇ ਸੁਸਤ ਹੁੰਦੇ ਹਨ, ਉਂਜ ਭਾਂਵੇਂ ਅਸੀਂ ਸਭ ਬਹੁਤ ਗੱਲਾਂ ਕਰਦੇ ਹਾਂ। ਅਸੀਂ ਸੁਣਨ ਵਿਚ ਸੁਸਤ ਹੁੰਦੇ ਹਾਂ। ਦੁਆ ਕਰਨ ਵਾਲੇ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਉਡੀਕ ਨਹੀਂ ਕਰਦੇ। ਬੁੱਧ ਦੁਆ ਨਾਲ ਹੀ ਮਿਲਦੀ ਹੈ (ਯਾਕੂਬ 1:5, 6)। ਅਗਵਾਈ ਦੁਆ ਨਾਲ ਹੀ ਮਿਲਦੀ ਹੈ। ਸਮਰੱਥਾ ਦੁਆ ਨਾਲ ਹੀ ਮਿਲਦੀ ਹੈ। ਦੁਆ ਸਾਡੇ ਪੱਠਿਆਂ ਦੇ ਮਨੋਵਿਗਿਆਨਕ ਤੌਰ ਤੇ ਝੁਕਣ ਨਾਲੋਂ ਭਾਵ ਸੰਮੋਹਨ ਨਾਲੋਂ ਕਿਤੇ ਵਧ ਕੇ ਹੈ। ਦੁਆ ਖ਼ੁਦਾ ਨਾਲ ਮੁਲਾਕਾਤ, ਖ਼ੁਦਾ ਨਾਲ ਸੰਪਰਕ, ਖ਼ੁਦਾ ਨਾਲ ਗੱਲਬਾਤ ਹੈ। ਧਿਆਨ ਲਾਉਣਾ ਕਿਤੇ ਗੁੰਮ ਹੋਈ ਕਲਾ ਹੀ ਨਾ ਬਣ ਜਾਵੇ। ਦੁਆ ਉਹ ਸਭ ਤੋਂ ਵਿਹਾਰਕ ਗੱਲ ਹੈ ਜਿਹੜੀ ਅਸੀਂ ਕਰ ਸਕਦੇ ਹਾਂ।

## ਦੁਆ ਵਿਚ ਰੋਜ਼ਾ ਵੀ ਆਉਂਦਾ ਹੈ

ਰੋਜ਼ੇ ਵਿਚ ਸਾਡਾ ਵਿਸ਼ਵਾਸ ਨਹੀਂ ਹੈ। ਜੇ ਹੁੰਦਾ ਤਾਂ ਅਸੀਂ ਰੋਜ਼ਾ ਰੱਖਦੇ। ਰੋਜ਼ਾ ਅੱਜ ਗੁਜ਼ਰੇ ਜ਼ਮਾਨੇ ਦੀ ਗੱਲ, ਧਾਰਮਿਕ ਅਤੀਤ ਦੀ ਨਿਸ਼ਾਨੀ ਬਣ ਗਿਆ ਹੈ। ਸਾਡੀ ਜ਼ਿੰਦਗੀ ਅਸਲ ਵਿਚ ਸਾਡੇ ਵਿਸ਼ਵਾਸ ਦੇ ਮੁਤਾਬਕ ਹੀ ਹੁੰਦੀ ਹੈ। ਕਿਸੇ ਨੂੰ ਬਾਈਬਲ ਦਾ ਓਨਾਂ ਹੀ ਗਿਆਨ ਹੋਵੇਗਾ ਜਿੰਨਾਂ

ਉਹ ਉਸ ਉੱਤੇ ਚੱਲਦਾ ਹੈ। ਮੱਤੀ 17 ਅਧਿਆਇ ਵਿਚ ਰੋਜ਼ੇ ਬਾਰੇ ਦੱਸਦਾ ਹੈ। ਚੇਲੇ ਚੰਗਿਆਈ ਨਹੀਂ ਦੇ ਪਾਏ ਸਨ ਕਿਉਂਕਿ ਉਨ੍ਹਾਂ ਨੂੰ ਯਕੀਨ ਨਹੀਂ ਸੀ। ਉਨ੍ਹਾਂ ਨੂੰ ਯਕੀਨ ਨਹੀਂ ਸੀ, ਨਹੀਂ ਤਾਂ ਉਨ੍ਹਾਂ ਨੇ ਰੋਜ਼ਾ ਰੱਖਿਆ ਹੁੰਦਾ। ਉਨ੍ਹਾਂ ਦੀਆਂ ਦੁਆਵਾਂ ਅਧੂਰੀਆਂ ਸਨ, ਕਿਉਂਕਿ ਉਨ੍ਹਾਂ ਨੂੰ ਯਕੀਨ ਨਹੀਂ ਸੀ। *ਅਸੀਂ ਰੋਜ਼ਾ ਨਹੀਂ ਰੱਖਦੇ।* ਵਿਸ਼ਵਾਸੀ ਇੰਨੇ ਨਾਜ਼ੁਕ, ਇੰਨੇ ਕਮਜ਼ੋਰ ਮਨ ਦੇ ਹਨ ਕਿ ਸੁੱਖ ਉਨ੍ਹਾਂ ਦੇ ਹੱਡੀਂ ਰਚ ਗਿਆ ਹੈ ਅਤੇ ਇਸ ਤੇ ਵਿਚਾਰ ਹੀ ਨਹੀ ਕਰਦੇ। ਕਈ ਸਦੀਆਂ ਤਕ ਰੋਜ਼ੇ ਨੂੰ ਭੁਲਾ ਦਿੱਤਾ ਗਿਆ ਸੀ। 1861 ਤੋਂ 1964 ਦੇ ਦਰਮਿਆਨ ਇਸ ਤੇ ਕੋਈ ਕਿਤਾਬ ਨਹੀਂ ਲਿਖੀ ਗਈ ਸੀ। ਯਕੀਨਨ ਸਭ ਤੋਂ ਵਧੀਆ ਕਿਤਾਬ 1580 ਵਿਚ ਲਿਖੀ ਗਈ ਸੀ। ਬਿਨ ਰੋਜ਼ੇ ਦੇ ਅਸੀਂ ਕਲੀਸੀਆ ਦੀ ਤਰੱਕੀ ਦੀ ਗੱਲ ਕਿਵੇਂ ਸੋਚ ਸਕਦੇ ਹਾਂ?

ਮੂਸਾ, ਸਮੂਏਲ, ਏਲੀਯਾਹ, ਦਾਊਦ, ਦਾਨੀਏਲ, ਅਸਤਰ, ਯਿਰਮਿਯਾਹ, ਯੂਹੰਨਾ, ਯਿਸੂ, ਪੌਲੁਸ ਆਦਿ ਬਾਈਬਲ ਦੇ ਸਭ ਮਹਾਨ ਲੋਕਾਂ ਨੇ ਰੋਜ਼ਾ ਰੱਖਿਆ ਸੀ! ਨਵੇਂ ਨੇਮ ਦੀ ਕਲੀਸੀਆ ਰੋਜ਼ਾ ਰੱਖਦੀ ਸੀ। ਜੇ ਤੁਹਾਨੂੰ ਲਗਦਾ ਹੈ ਕਿ ਰੋਜ਼ੇ ਦਾ ਕੋਈ ਫ਼ਾਇਦਾ ਨਹੀਂ ਹੈ ਤਾਂ ਖ਼ੁਦਾ ਨੂੰ ਕਿਉਂ ਪਰੇਸ਼ਾਨ ਕਰਦੇ ਹੋ? ਪੌਲੁਸ ਅਕਸਰ ਰੋਜ਼ਾ ਰੱਖਦਾ ਸੀ। ਅਸੀਂ ਪੌਲੁਸ ਵਰਗੇ ਮਹਾਨ ਬਣਨਾ ਚਾਹੁੰਦੇ ਹਾਂ ਤਾਂ ਪੌਲੁਸ ਵਾਂਗ ਰੋਜ਼ਾ ਕਿਉਂ ਨਹੀਂ ਰੱਖਦੇ? ਪ੍ਰਚਾਰ ਦਾ ਕੰਮ ਰੋਜ਼ੇ ਨਾਲ ਹੀ ਸ਼ੁਰੂ ਹੋਇਆ ਸੀ (ਰਸੂਲਾਂ ਦੇ ਕੰਮ 13:1, 2)। ਐਲਡਰਾਂ ਦੀ ਨਿਯੁਕਤੀ ਰੋਜ਼ੇ ਨਾਲ ਹੀ ਹੋਈ ਸੀ (ਰਸੂਲਾਂ ਦੇ ਕੰਮ 14:23)। ਹਰ ਵੱਡੀ ਬਿਪਤਾ ਦਾ ਸਾਮਹਣਾ ਰੋਜ਼ੇ ਨਾਲ ਹੀ ਕਰਨਾ ਚਾਹੀਦਾ ਹੈ।

ਰੋਜ਼ਾ ਹੰਢਾਈ ਹੋਈ ਦੁਆ ਹੈ! ਇਹ ਕੋਈ ਉਪਾਅ ਜਾਂ ਵਿਗਾੜ ਨਹੀਂ ਹੈ। ਖ਼ੁਦਾ ਅਤੇ ਸਾਡੇ ਵਿਚ ਕਿਸੇ ਵੀ ਗੱਲ ਨੂੰ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ। ਰੋਜ਼ੇ ਵਿਚ ਅਸੀਂ ਕੁਝ ਉੱਤਮ ਪਾਉਣ ਲਈ ਕੁਝ ਚੰਗੀਆਂ ਚੀਜ਼ਾਂ ਦਾ ਤਿਆਗ ਕਰਦੇ ਹਾਂ। ਆਤਮਾ ਦੇਹ ਤੇ ਕਾਬੂ ਰੱਖਦੀ ਹੈ। ਜਿਵੇਂ ਜਿਸਮ ਲਈ ਵਰਜਿਸ਼, ਉਵੇਂ ਹੀ ਰੂਹ ਲਈ ਰੋਜ਼ਾ ਹੈ। ਦੁਆ ਰੂਹਾਨੀ ਵਰਜਿਸ਼ ਹੈ। ਦੁਆ ਕਰੋ! ਸਿੱਧ ਹੋਣ ਲਈ ਗੱਲਾਂ ਦੀ ਨਹੀਂ, ਵਿਹਾਰ ਦੀ ਲੋੜ ਹੁੰਦੀ ਹੈ। ਕਰਨ ਨਾਲ ਹੀ ਅਸੀਂ ਸਿੱਖਦੇ ਹਾਂ। ਕੰਮਾਂ ਤੋਂ ਹੀ ਸਾਡੇ ਵਿਹਾਰ ਦਾ ਪਤਾ ਲਗਦਾ ਹੈ। ਸੰਭਵ ਅਤੇ ਅਸੰਭਵ ਲਈ ਦੁਆ ਕਰੋ, ਕਿਉਂਕਿ ਖ਼ੁਦਾ ਲਈ ਸਭ ਕੁਝ ਸੰਭਵ ਹੈ।

## ਦੁਆ ਜ਼ਿੱਦ (ਢੀਠਪੁਣਾ) ਹੈ

ਦ੍ਰਿਸ਼ਟਾਂਤ ''ਸੰਸਾਰ ਨੂੰ ਉਲਟ–ਪੁਲਟ ਦਿੰਦੇ ਹਨ।'' ਉਹ ਸਾਨੂੰ ਸੁੰਨ ਕਰ ਦਿੰਦੇ ਹਨ। ਲੂਕਾ 18 ਅਧਿਆਇ ਸ਼ੁਰੂ ਹੁੰਦਾ ਹੈ, ''ਫਿਰ ਉਸ ਨੇ ਇਸ ਵਿਸ਼ੇ ਵਿਚ ਕਿ ਦੁਆ ਕਰਨਾ ਅਤੇ ਹੌਂਸਲਾ ਨਹੀਂ ਛੱਡਣਾ ਚਾਹੀਦਾ ਤੇ ਇਕ ਦ੍ਰਿਸ਼ਟਾਂਤ ਦਿੱਤਾ।'' ਇਹ ਉਸ ਦ੍ਰਿਸ਼ਟਾਂਤ ਦਾ ਜਿਸ ਨੂੰ ''ਕੁਧਰਮੀ ਨਿਆਈ'' ਦਾ ਦ੍ਰਿਸ਼ਟਾਂਤ ਕਿਹਾ ਜਾਂਦਾ ਹੈ, ਆਰੰਭ ਸੀ। ਯਿਸੂ ਨੇ ਇਕ ਢੀਠ ਵਿਧਵਾ ਦੀ ਜਾਇਜ਼ ਮੰਗ ਬਾਰੇ ਦੱਸਿਆ। ਭਾਵੇਂ ਇਹ ਨਿਆਈ ਨਾ ਤਾਂ ਖ਼ੁਦਾ ਦਾ ਅਤੇ ਨਾ ਮਨੁੱਖਾਂ ਦਾ ਭੈ ਮੰਨਦਾ ਸੀ, ਪਰ ਉਸ ਨੇ ਇਹ ਕਹਿ ਕਿ ਮੰਨ ਲਿਆ ਕਿ ''ਤਾਂ ਭੀ ਇਸ ਲਈ ਜੋ ਵਿਧਵਾ ਮੈਨੂੰ ਜਿੱਚ ਕਰਦੀ ਹੈ ਮੈਂ ਉਹਦਾ ਬਦਲਾ ਲੈ ਦਿਆਂਗਾ ਅਜਿਹਾ ਨਾ ਹੋਵੇ ਜੋ ਉਹ ਘੜੀ ਮੁੜੀ ਆਣ ਕੇ ਮੇਰਾ ਸਿਰ ਖਾਵੇ'' (ਲੂਕਾ 18:5)। ਯਿਸੂ ਖ਼ੁਦਾ ਨੂੰ ਇਕ ਅਧਰਮੀ ਨਿਆਈ ਨਾਲ ਨਹੀਂ ਮਿਲਾ ਰਿਹਾ ਸੀ; ਉਹ ਤਾਂ ਉਸ ਢੀਠ ਵਿਧਵਾ ਵਾਂਗ ਬੇਨਤੀ ਕਰਨ ਵਾਲੇ ਬਣਨ ਲਈ ਆਖ ਰਿਹਾ ਸੀ। ਢੀਠਪੁਣੇ ਦਾ ਕੋਈ ਬਦਲ ਨਹੀਂ ਹੋ ਸਕਦਾ। ਯੋਗਤਾ, ਕਾਮਯਾਬੀ ਅਤੇ ਵਡਿਆਈ ਇਸ ਦੀ ਥਾਂ ਨਹੀਂ ਲੈ ਸਕਦੀਆਂ। ਮਸਲਾ ਖ਼ੁਦਾ ਦਾ ਨਹੀਂ, ਬਲਕਿ ਸਾਡਾ ਹੈ। ਜੇ ਤੁਹਾਨੂੰ ਅਜਿਹਾ ਨਾ ਲੱਗੇ ਤਾਂ, ਦੁਆ ਕਰੋ। ਜਦ ਤਕ ਦੁਆ ਕਰ ਸਕਦੇ ਹੋ, ਕਰੋ। ਸਾਨੂੰ ਖੜਕਾਉਣਾ ਕਿਉਂ ਚਾਹੀਦਾ ਹੈ? ਅਸੀਂ ਕਦ ''ਜਵਾਬ ਲਈ 'ਨਾਂਹ' ਕਬੂਲ ਕਰੀਏ''?

ਯਿਸੂ ਨੇ ਇਸ ਦ੍ਰਿਸ਼ਟਾਂਤ ਨੂੰ ਮਨ ਅੰਦਰ ਝਾਕਣ ਵਾਲੇ ਇਕ ਵਿਚਾਰ ਨਾਲ ਸਮਾਪਤ ਕੀਤਾ: ''ਮੈਂ ਤੁਹਾਨੂੰ ਆਖਦਾ ਹਾਂ ਜੋ ਉਹ ਸ਼ਤਾਬੀ ਉਨ੍ਹਾਂ ਦਾ ਬਦਲਾ ਲੈ ਦੇਵੇਗਾ। ਪਰ ਜਦ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ?'' (ਲੂਕਾ 18:8)।

***''ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ।
ਮੈਨੂੰ ਯਕੀਨ ਨਾਲ ਦੁਆ ਕਰਨਾ ਸਿਖਾ ਦੇ।''***

---

ਟਿੱਪਣੀਆਂ

[1]ਇਗਨੇਸ ਪਦੇਰਵਸਕੀ ਪੋਲੈਂਡ ਦਾ ਸਨਮਾਨਿਤ ਪਿਆਨੋ ਵਾਦਕ ਸੀ (1860–1941)। [2]ਆਤਮ–ਸੁਝਾਅ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਆਦਮੀ ਕਿਸੇ ਵਿਚਾਰ, ਵਿਸ਼ਵਾਸ ਜਾਂ ਕੰਮ ਦੀ ਯੋਜਨਾ ਦੀ ਮੰਜ਼ੂਰੀ ਆਪੇ ਦਿੰਦਾ ਹੈ।